Surrey Schools
LEADERSHIP IN LEARNING

Tel: 604.596.7733
www.surreyschools.ca

# ਬੈਟਰੀ ਨਾਲ ਚਲਣ ਵਾਲੀਆਂ ਸਿਗਰਟਾਂ

*(Electronic cigarettes)*

## ਇਹ ਸਿਗਰਿਟ ਕੀ ਹੈ ?



ਇਹ ਸਿਗਰਿਟਾਂ ਕਈਆਂ ਕਿਸਮਾਂ ਦੀਆਂ ਹੁੰਦੀਆਂ ਹਨ ਪਰ ਇਹ ਸਭ ਇੱਕ ਹੀ ਤਰਾਂ ਚਲਦੀਆਂ ਹਨ । ਇਹਨਾਂ ਵਿੱਚ ਇੱਕ ਬੱਤੀ ਹੁੰਦੀ ਹੈ ਜਿਸਨੂੰ ਅੱਗ ਲਾਓਣ ਜਾਂ ਗਰਮ ਕਰਨ ਨਾਲ ਇੱਕ ਧੂੰਆਂ ਨਿਕਲਦਾ ਹੈ ਜੋ ਆਮ ਸਿਗਰਿਟ ਦੇ ਧੂੰਏ ਵਰਗਾ ਹੁੰਦਾ ਹੈ । ਭਾਵੇਂ ਇਹ ਇੱਕ ਆਮ ਧੂੰਏ ਵਾਂਗ ਹੁੰਦਾ ਹੈ ਅਸਲ ਵਿੱਚ ਇਹ ਇੱਕ ਦਮ ਭਾਫ ਬਣ ਜਾਂਦਾ ਹੈ ਅਤੇ ਹਵਾ ਵਿੱਚ ਰਲ ਜਾਂਦਾ ਹੈ ।



ਇਸ ਤਰਾਂ ਦੀਆਂ ਬਹੁਤ ਸਾਰੀਆਂ ਸਿਗਰਿਟਾਂ ਇੱਕ ਤਕਰੀਬਨ 8 ਤੋਂ 12 ਸੈਂਟੀਮੀਟਰ ਲੰਬੀ ਟੀਊਬ ਵਾਂਗ ਹੁੰਦੀਆਂ ਹਨ ਜਿਹਨਾਂ ਵਿੱਚ ਥੋੜਾ ਤੇਲ ਹੁੰਦਾ ਹੈ ਅਤੇ ਇੱਕ ਛੋਟੇ ਜਹੇ ਡੱਬੇ ਵਿੱਚ ਬੱਤੀ ਹੁੰਦੀ ਹੈ । ਇਸ ਟੀਊਬ ਵਿੱਚ ਇੱਕ ਬਟਨ ਹੁੰਦਾ ਜਿਸ ਨੂੰ ਦਬੱਣ ਨਾਲ ਇਹਦੇ ਵਿੱਚ ਲੱਗੀ ਬੈਟਰੀ ਨਾਲ ਬੱਤੀ ਗਰਮ ਹੁੰਦੀ ਹੈ ਅਤੇ ਤੇਲ ਦੀ ਭਾਫ ਬਣਦੀ ਹੈ । ਆਮ ਤੌਰ ਓਪਰ ਇਹਨਾਂ ਸਿਗਰਿਟਾਂ ਦੀ ਕੀਮਤ 10 ਤੋਂ 15 ਡਾਲਰ ਦੀ ਹੁੰਦੀ ਹੈ ਪਰ ਮਹਿੰਗੀਆਂ ਸਿਗਰਿਟਾਂ ਜੋ ਆਮ ਸਿਗਰਿਟ ਵਰਗੀਆਂ ਹੁੰਦੀਆਂ ਹਨ, ਓਹਨਾਂ ਦੀ ਕੀਮਤ 50 ਡਾਲਰ ਤੱਕ ਦੀ ਹੋ ਸਕਦੀ ਹੈ ।

ਇਹ ਜੋ ਤੇਲ ਹੁੰਦਾ ਹੈ ਓਸਦੀ ਕਈ ਤਰਾਂ ਦੀ ਸੁਗੰਧ ਹੁੰਦੀ ਹੈ ਜਿਸ ਤਰਾਂ ਕੌਫੀ, ਵਨਿਲਾ ਅਤੇ ਤੰਬਾਕੂ । ਇਸ ਤਰਾਂ ਦੇ ਨਿਕੋਟੀਨ ਅਧਾਰਿਤ ਤੇਲ ਕੈਨੇਡਾ ਵਿੱਚ ਨਹੀਂ ਖਰੀਦੇ ਜਾ ਸਕਦੇ ਲੇਕਿਨ ਅਮਰੀਕਾ ਵਿੱਚ ਖਰੀਦੇ ਜਾ ਸਕਦੇ ਹਨ ਅਤੇ ਔਨ ਲਾਈਨ ਵੀ ਖਰੀਦੇ ਜਾ ਸਕਦੇ ਹਨ ।

## ਇਹ ਸਿਗਰਿਟਾਂ ਇੰਨੀਆਂ ਪਰਚਲੱਤ ਕਿਓਂ ਹਨ ?



ਕਿਹਾ ਜਾਂਦਾ ਹੈ ਕਿ ਇਹਨਾਂ ਸਿਗਰਿਟਾਂ ਨਾਲ ਸਿਗਰਿਟ ਪੀਣਾ ਘਟਾਇਆ ਜਾਂ ਬੰਦ ਕੀਤਾ ਜਾ ਸਕਦਾ ਹੈ । ਲੇਕਿਨ ਇਹ ਕਹਾਵਤਾਂ ਹੈਲਥ ਕੈਨੇਡਾ ਅਤੇ ਬੀ.ਸੀ. ਦੀ ਲੰਗ ਐਸੋਸੀਏਸ਼ਨ ਵਲੋਂ ਰੱਦ ਕੀਤੀਆਂ ਗਈਆ ਹਨ ।

## ਇਹਨਾ ਸਿਗਰਿਟਾਂ ਦਾ ਕੀ ਡਰ ਹੈ ?

- ਇਹਨਾਂ ਸਿਗਰਿਟਾਂ ਨੂੰ ਐਲੀਮੈਂਟਰੀ ਸਕੂਲਾਂ ਦੇ ਬੱਚੇ ਖਰੀਦ ਸਕਦੇ ਹਨ ।
- ਅਸਲ ਵਿੱਚ ਇਹ ਸਿਗਰਿਟ ਸਮਾਜ ਵਿੱਚ ਇੱਕ ਆਦਿਤ ਬਣ ਕਿ ਮਨਜ਼ੂਰੀ ਲੈ ਰਹੀਆਂ ਹਨ ਜਿਹਨਾਂ ਨਾਲ ਆਮ ਸਿਗਰਿਟ ਪੀਣ ਦੀ ਆਦਿਤ ਸ਼ੁਰੂ ਹੋ ਸਕਦੀ ਹੈ
- ਅਮਰੀਕਾ ਦੇ ਸੈਂਟਰ ਫਾਰ ਡੀਜ਼ੀਜ਼ ਕੰਟਰੋਲ ਦਾ ਕਹਿਣਾ ਹੈ ਕਿ ਬਹੁਤ ਸਾਰੇ 13 ਤੋਂ 19 ਸਾਲ ਦੇ ਨੌਜਵਾਨ ਜੋ ਇਹਨਾਂ ਸਿਗਰਿਟਾਂ ਦੀ ਵਰਤੋਂ ਕਰਦੇ ਹਨ ਓਹਨਾ ਨੇ ਪਹਿਲਾਂ ਕਦੇ ਤੰਬਾਕੂ ਦੀ ਵਰਤੋਂ ਨਹੀਂ ਸੀ ਕੀਤੀ ਭਾਵੇਂ ਆਮ ਤੌਰ ਤੇ ਇਸ ਸਿਗਰਿਟ ਦੀ ਵਰਤੋਂ ਨਾਲ ਸਿਗਰਿਟ ਪੀਣਾ ਬੰਦ ਕਰਨ ਲਈ ਕਹਾਵਤਾਂ ਹਨ
- ਨੌਜਵਾਨ ਇਸ ਸਿਗਰਿਟ ਦੇ ਤੇਲ ਦੇ ਡੱਬੇ ਵਿੱਚ ਸ਼ਰਾਬ ਅਤੇ ਭੰਗ ਦੀ ਵਰਤੋਂ ਕਰਦੇ ਹਨ
- ਇਸ ਸਿਗਰਿਟ ਵਿੱਚ ਇੱਕ ਪਰੋਪਲੀਨ ਗਲਾਈਕੋਲ ਨਾਮ ਦਾ ਕੈਮੀਕਲ ਹੁੰਦਾ ਹੈ ਜਿਸਦੇ ਸਾਹ ਲੈਣ ਨਾਲ ਓਹਨਾਂ ਦੀ ਸਿਹਤ ਓਪਰ ਅਸਰ ਹੋ ਸਕਦਾ ਹੈ ਜੋ ਇਸ ਸਿਗਰਿਟ ਪੀਣ ਵਾਲੇ ਦੇ ਇਰਦ ਗਿਰਦ ਹੋਣ ।

ਸਰ੍ਹੀ ਸਕੂਲ ਬੋਰਡ ਇਹਨਾਂ ਸਿਗਰਿਟਾਂ ਅਤੇ ਆਮ ਸਿਗਰਿਟਾਂ ਦੀ ਵਰਤੋਂ ਦੇ ਵਿਰੁੱਧ ਹੈ ਅਤੇ ਇਹਨਾਂ ਦੀ ਵਰਤੋਂ ਕਿਸੇ ਵੀ ਸਕੂਲ ਦੀ ਹੱਦ ਅੰਦਰ ਵਰਤੋਂ ਨਹੀਂ ਕਰਨ ਦਿੰਦਾ । ਅਗਰ ਇਹ ਸਿਗਰਿਟ ਸਕੂਲ ਦੀ ਹੱਦ ਅੰਦਰ ਵਰਤੀ ਗਈ ਹੋਵੇ ਤਾਂ ਜੋ ਸਕੂਲਾਂ ਦੀ ਸੁਰਖਿਅਤ ਲਈ ਕਾਰਵਾਈ ਹੈ ਓਹ ਲਾਗੂ ਕੀਤੀ ਜਾਏਗੀ ।